**THE PUNJAB STATE BOARD OF TECHNICAL EDUCATION AND INDUSTRIAL TRAINING**

Plot No. 1-A, Sec. 36-A, Chandigarh Ph.: 0172-2615385 Fax: 2664333 e-mail: ceitipb@gmail.com

**No.PSBTE&IT/Centre June-2019/ 1169** **Urgent** **Date: 15-05-2019**

ਸੇਵਾ ਵਿਖੇ

ਪ੍ਰਿੰਸੀਪਲ/ਮੁਖ ਅਧਿਆਪਕ,
ਸਮੂਹ ਸਰਕਾਰੀ/ਪ੍ਰਾਈਵੇਟ ਉਦਯੋਗਿਕ ਸਿਖਲਾਈ ਸੰਸਥਾਵਾਂ,
ਸੰਬਧਤ ਸਰਕਾਰੀ ਬਹੁਤਕਨੀਕੀ ਕਾਲਜ,
ਪੰਜਾਬ ਰਾਜ ਅਧੀਨ।

**ਵਿਸ਼ਾ: ਐਨ.ਸੀ.ਵੀ.ਟੀ. ਸਲਾਨਾਂ ਤੇ ਸਮੈਸਟਰ ਥਿਊਰੀ ਪ੍ਰੀਖਿਆ ਜੂਨ-ਜੁਲਾਈ 2019 ਲਈ ਪ੍ਰੀਖਿਆ ਕੇਂਦਰ ਅਲਾਟ ਕਰਨ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਜੂਨ 2019 ਦੌਰਾਨ ਹੋਣ ਵਾਲੀ ਐਨ.ਸੀ.ਵੀ.ਟੀ. ਸਲਾਨਾਂ ਪ੍ਰੀਖਿਆ ਲਈ 92 ਪ੍ਰੀਖਿਆ ਕੇਂਦਰ ਅਤੇ ਸਮੈਸਟਰ ਪ੍ਰੀਖਿਆ ਜੂਨ-ਜੁਲਾਈ 2019 ਲਈ 48 ਪ੍ਰੀਖਿਆ ਕੇਂਦਰ ਸਮਰਥ ਅਧਿਕਾਰੀ ਜੀ ਦੀ ਪ੍ਰਵਾਨਗੀ ਅਨੁਸਾਰ ਅਲਾਟ ਹੋਏ ਹਨ। ਇਹ ਸੈਂਟਰ ਲਿਸਟ ਬੋਰਡ ਦੇ ਵੈਬਸਾਇਟ ਤੇ ਪਾਉਂਦੇ ਹੋਏ ਸਮੂਹ ਸੰਸਥਾਵਾਂ ਲਈ ਹੇਠ ਦਰਸਾਈਆਂ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ:

1. ਪ੍ਰੀਖਿਆ ਕੇਂਦਰਾਂ ਦੁਆਰਾ ਆਪਣਾ ਡੀ.ਜੀ.ਟੀ. ਨਵੀਂ ਦਿੱਲੀ ਵਲੋਂ ਜਾਰੀ ਕੋਡ ਚੈਕ ਕਰ ਲਿਆ ਜਾਵੇ।
2. ਜਿਨ੍ਹਾਂ ਵੀ ਸੰਸਥਾਵਾਂ ਦੇ ਸਿਖਿਆਰਥੀ ਜੂਨ-ਜੁਲਾਈ 2019 ਦੀ ਪ੍ਰੀਖਿਆ ਵਿਚ ਅਪੀਅਰ ਹੋਣ ਜਾ ਰਹੇ ਹਨ ਉਹਨਾਂ ਸਮੂਹ ਸੰਸਥਾਵਾਂ ਦੁਆਰਾ ਚੈਕ ਕਰ ਲਿਆ ਜਾਵੇ ਕਿ ਉਹਨਾਂ ਦੀ ਸੰਸਥਾ ਦਾ ਨਾਮ ਸੈਂਟਰ ਲਿਸਟ ਵਿਚ ਸ਼ਾਮਲ ਹੋਵੇ।
3. ਸਮੂਹ ਪ੍ਰੀਖਿਆ ਕੇਂਦਰ ਪ੍ਰੀਖਿਆ ਵਿੱਚ ਅਪੀਅਰ ਹੋਣ ਵਾਲੇ ਸਿਖਿਆਰਥੀਆਂ ਦੀ ਅੰਦਾਜਨ ਗਿਣਤੀ ਨੂੰ ਧਿਆਨ ਵਿੱਚ ਰੱਖਦੇ ਹੋਏ, ਉਸੇ ਅਨੁਸਾਰ ਸੁਚੱਜੇ ਢੰਗ ਨਾਲ ਅਤੇ ਨਿਰਵਿਘਨ ਪ੍ਰੀਖਿਆ ਕਰਵਾਉਣ ਲਈ ਲੋੜੀਂਦੇ ਸਟਾਫ/ ਸਟੇਸ਼ਨਰੀ/ ਫਰਨੀਚਰ/ infrastructure/ machinery - ਆਦਿ ਦਾ ਪੁਖਤਾ ਇੰਤਜਾਮ ਆਪਣੇ ਪੱਧਰ ਤੇ ਕਰਨਾ ਯਕੀਨੀ ਬਨਾਉਣ।
4. ਪ੍ਰੀਖਿਆ ਕੇਂਦਰ ਵਿਖੇ ਪ੍ਰੀਖਿਆ ਦੌਰਾਨ ਪੁਲਿਸ ਸੁਰੱਖਿਆ ਦੇ ਇੰਤਜਾਮ ਵਾਸਤੇ ਲੋੜੀਂਦੀ ਕਾਰਵਾਈ ਕੀਤੀ ਜਾਵੇ।
5. ਇਸ ਤੋਂ ਇਲਾਵਾ ਜਿਨ੍ਹਾਂ ਸੰਸਥਾਵਾਂ ਦੇ ਪ੍ਰੀਖਿਆ ਕੇਂਦਰ ਦੂਜੀਆਂ ਸੰਸਥਾਵਾਂ/ ਬਹੁਤਕਨੀਕੀ ਕਾਲਜ ਵਿੱਚ ਬਣਾਏ ਗਏ ਹਨ, ਉਹ ਸੰਸਥਾਵਾਂ ਐਨ.ਸੀ.ਵੀ.ਟੀ. ਪ੍ਰੀਖਿਆ ਜੂਨ-ਜੁਲਾਈ 2019 ਵਿੱਚ ਅਪੀਅਰ ਹੋਣ ਵਾਲੇ ਰੈਗੂਲਰ ਅਤੇ ਰੀਅਪੀਅਰ ਸਿਖਿਆਰਥੀਆਂ ਦੀ ਗਿਣਤੀ ਬਾਰੇ ਆਪਣੇ-ਆਪਣੇ ਪ੍ਰੀਖਿਆ ਕੇਂਦਰ ਨੂੰ ਡੇਟਸ਼ੀਟ ਸਮੇਤ ਤਰੁੰਤ ਸੂਚਿਤ ਕਰਨਾ ਯਕੀਨੀ ਬਨਾਉਣ।
6. ਸਮੂਹ ਸੰਸਥਾਵਾਂ ਡੀ.ਜੀ.ਟੀ. ਨਵੀਂ ਦਿੱਲੀ ਦੀਆਂ ਹਦਾਇਤਾਂ ਅਨੁਸਾਰ ਅਤੇ ਸੀ.ਸੀ.ਟੀ.ਵੀ. ਦੀ ਨਿਗਰਾਨੀ ਹੇਠ ਪ੍ਰੀਖਿਆ ਕਰਾਉਣੀ ਯਕੀਨੀ ਬਣਾਉਣਗੇ ਅਤੇ ਰਿਕਾਰਡਿੰਗ ਨੂੰ ਸੇਵ ਰੱਖਣਗੇ, ਜਿਸਨੂੰ ਬੋਰਡ ਦਫਤਰ ਵਲੋਂ ਮੰਗੇ ਜਾਣ ਤੇ ਉਪਲੱਬਧ ਕਰਾਵਾਇਆ ਜਾ ਸਕੇ।
7. ਜਿਥੇ ਦੋ ਸਰਕਾਰੀ ਸੰਸਥਾਵਾਂ ਇਕੋ ਕੈਂਪਸ ਵਿਚ ਹਨ, ਦੇ ਵਿਚ ਬਣੇ ਪ੍ਰੀਖਿਆ ਕੇਂਦਰ ਵਲੋਂ (ਜਿਥੇ ਲੋੜ ਹੋਵੇ) ਦੂਜੀ ਸਰਕਾਰੀ ਸਸੰਥਾ ਦੇ ਸਟਾਫ, ਇਨਫਰਾਸਟਕਚਰ ਨੂੰ ਪ੍ਰੀਖਿਆ ਡਿਊਟੀ ਲਈ ਰੁਲਾਂ ਅਨੁਸਾਰ ਇਸਤੇਮਾਲ ਕਰ ਲਿਆ ਜਾਵੇ ਜੀ ਅਤੇ ਸੂਚਨਾਂ ਬੋਰਡ ਦਫਤਰ ਭੇਜੀ ਜਾਵੇ।

ਉਪਰੋਕਤ ਪ੍ਰੀਖਿਆ ਸਬੰਧੀ ਕਿਸੇ ਸੰਸਥਾ ਦਾ ਨਾਂ ਪ੍ਰੀਖਿਆ ਕੇਂਦਰ ਦੀ ਜਾਰੀ ਹੋਈ ਲਿਸਟ ਵਿਚ ਸ਼ਾਮਲ ਨਾ ਹੋਣ ਸਬੰਧੀ ਜਾਣਕਾਰੀ ਨੂੰ ਮਿਤੀ: 16-05-2019 ਦੁਪਹਿਰ 1 ਵਜੇ ਤਕ ਟੈਲੀਫੋਨੀਕਲੀ ਬੋਰਡ ਦਫਤਰ ਦੇ ਧਿਆਨ ਵਿਚ ਯੋਗ ਕਾਰਵਾਈ ਹਿਤ ਲਿਆਉਣਾ ਯਕੀਨੀ ਬਣਾਇਆ ਜਾਵੇ।

15.5.19

**ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ)**
**ਵਾਸਤੇ ਸਕੱਤਰ**

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ਰਿਕਾਰਡ ਹਿਤ ਭੇਜਿਆ ਜਾਂਦਾ ਹੈ:

1. ਪੀ.ਐਸ. ਟੂ ਚੇਅਰਮੈਨ
2. ਪੀ.ਏ ਟੂ ਸਕੱਤਰ ਸਾਹਿਬ
3. ਸਿਸਟਮ ਐਡਮਿਨਸਟਰੇਟਰ

Sd/-

**ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ)**
**ਵਾਸਤੇ ਸਕੱਤਰ**